# ਪ੍ਰੋ: ਸਾਹਿਬ ਸਿੰਘ ਜੀ ਦੀ ਕਸਵੱਟੀ ’ਤੇ
# ਸ. ਕਾਲਾ ਅਫ਼ਗਾਨਾ

**-ਗੁਰਸਿਖ ਫੀਚਰਜ਼**

ਪਿੱਛਲੇ ਦੋ ਲੇਖਾਂ ਅੰਦਰ ਅਸੀਂ ਵਿਚਾਰਿਆ ਹੈ ਕਿ ਕਿਵੇਂ ਪ੍ਰੋ: ਸਾਹਿਬ ਸਿੰਘ ਜੀ ਦਾ ਨਾਂ ਵਰਤ ਕੇ ਸ. ਕਾਲਾ ਅਫ਼ਗਾਨਾ ਜੀ ਆਮ ਸ਼ਰਧਾਲੂ ਸਿੱਖਾਂ ਨੂੰ ਭੁਚਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਅੰਮ੍ਰਿਤ ਵੇਲਾ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਸੰਬੰਧੀ ਅਸੀਂ ਪੜ੍ਹਿਆ ਕਿ ਕਿਵੇਂ ਸ. ਕਾਲਾ ਅਫ਼ਗਾਨਾ ਜੀ ਸਿੱਖ ਧਰਮ ਦੀਆ ਦੋ ਅਹਿਮ ਪ੍ਰੰਪਰਾਵਾਂ ਪ੍ਰਤੀ ਕੋਝੇ ਸ਼ੰਕੇ ਖੜੇ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਲੇਖ ਅੰਦਰ ਅਸੀਂ ਅੰਮ੍ਰਿਤ ਅਤੇ ਬਚਿਤ੍ਰ ਨਾਟਕ ਸੰਬੰਧੀ ਵਿਚਾਰ ਕਰਾਂਗੇ।

ਸ. ਕਾਲਾ ਅਫ਼ਗਾਨਾ ਜੀ ਅੰਮ੍ਰਿਤ ਬਾਰੇ ਵੱਖ-ਵੱਖ ਟਿੱਪਣੀਆਂ ਇਸ ਤਰ੍ਹਾਂ ਕਰਦੇ ਹਨ:

*ਅਜਿਹੇ ਹੋਰ ਵੀ ਕਈ ਗੁਰਬਾਣੀ ਸ਼ਬਦ ਹਨ, ਜਿਨ੍ਹਾਂ ਵਿਚ ਨਾਮ-ਅੰਮ੍ਰਿਤ ਨੂੰ ਅਤਿ ਮਿੱਠਾ ਕਿਹਾ ਹੈ। ਫਿਰ ਜਿਸ ਸਤਿਗੁਰਾਂ ਨੇ ਨਾਮ-ਅੰਮ੍ਰਿਤ ਨੂੰ ਬਾਰ-ਬਾਰ ਮਿੱਠਾ ਵੀ ਆਪ ਹੀ ਫ਼ੁਰਮਾਨ ਕੀਤਾ ਹੈ, ਉਨ੍ਹਾਂ ਨਾਮ-ਅੰਮ੍ਰਿਤ ਤੋਂ ਹੀ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕਰਨ ਸਮੇਂ ਪਦਾਰਥਵਾਦੀ ਮਿੱਠਾ (ਪਤਾਸੇ-ਮਿੱਠਾ) ਕਿਸ ਕਾਰਨ ਪਾਉਣਾ ਸੀ? ਅਜਿਹਾ ਸੋਚਣਾ ਵੀ ਮਹਾਂ ਪਾਪ ਹੋਵੇਗਾ ਕਿ:*

*੧) ਦਸਮੇਸ਼ ਜੀ ਨੇ ਨਾਮ-ਅੰਮ੍ਰਿਤ ਨੂੰ ਫਿੱਕਾ ਅਥਵਾ ਕੌੜਾ ਜਾਣ ਲਿਆ ਸੀ;*

*੨) ਕਿ ਕਲਗੀਧਰ ਜੀ ਪਤਾਸੇ ਪਾਉਣੇ ਭੁੱਲ ਗਏ ਸਨ ਅਤੇ ਉਨ੍ਹਾਂ ਦੀ ਇਸ ਭੁੱਲ ਨੂੰ ਮਾਤਾ (ਜੀਤੋ) ਜੀ ਨੇ ਸੁਧਾਰਿਆ ਸੀ;*

*੩) ਅਜਿਹਾ ਕਹਿ ਕੇ ਅਸੀਂ **‘ਅਭੁਲੁ ਗੁਰੂ ਕਰਤਾਰੁ’** ਮਹਾਂਵਾਕ ਨੂੰ ਝੂਠਾ ਸਿੱਧ ਕਰ ਰਹੇ ਹੋਵਾਂਗੇ।*

*ਖੋਜ ਤਾਂ ਇਸ ਗੱਲ ਦੀ ਕਰਨ ਦੀ ਲੋੜ ਹੈ ਕਿ ਪਤਾਸੇ ਪਾਉਣ ਵਾਲੀ ਕਹਾਣੀ ਕਿਤੇ ਮਨਘੜਤ ਤਾਂ ਨਹੀਂ? ਹਰ ਵਰਤੇ ਕਈ ਭਾਣਿਆਂ ਵਾਂਗ ਕੀ ਕਿਤੇ ਇਹ ਵੀ ਕਿਸੇ ਵੈਰੀ ਦੀ ਹੀ ਚਾਲ ਤਾਂ ਨਹੀਂ? ਪਰ ਕੀ ਅੱਜ ਤਕ ਪੰਥ ਵਿਚੋਂ ਗੁਰਬਾਣੀ ਦੇ ਇਨ੍ਹਾਂ ਫ਼ੁਰਮਾਨਾਂ ਦੀ ਗੰਭੀਰਤਾ ਨਾਲ ਕਦੇ ਕਿਸੇ ਵੀ ਗੁਰਸਿੱਖ ਦੀਆਂ ਭੁੱਲਾਂ ਦਾ ਹੀ ਫਲ ਹੈ। ਪਰ ਵੱਡੇ ਦੁੱਖ ਵਾਲੀ ਗੱਲ ਇਹ ਬਣ ਚੁੱਕੀ ਹੈ ਕਿ ਅੱਜ ਖ਼ਾਲਸਾ ਜੀ ਗੁਰਬਾਣੀ ਨੂੰ ਝੂਠਾ ਸਿੱਧ ਕਰਨ ਲਈ ਤਾਂ ਕਈ ਢੁੱਚਰ ਘੜ ਲੈਣਗੇ ਪਰ ਆਪਣੀ ਬਣਾਈ ਕਰਮਕਾਂਡੀ ਰੀਤ ਵਿਚ ਗੁਰਬਾਣੀ ਅਨੁਸਾਰ ਸੋਧ ਕਰ ਲੈਣੀ ਨਹੀਂ ਮੰਨਦੇ।*

*(ਭਾਗ ਪੰਜਵਾਂ, ਪੰਨਾ ੯੪-੯੫)*

*ਸੀਨਾ-ਬ-ਸੀਨਾ ਤੁਰੀ ਆ ਰਹੀ ਰਿਵਾਇਤ ਤੋਂ ਅਤੇ ਸਿੱਖ ਇਤਿਹਾਸ ਨੂੰ ਸੁਹਿਰਦਤਾ ਨਾਲ ਵਿਚਾਰਿਆਂ ਬਿਨਾਂ ਕਿਸੇ ਸ਼ੱਕ ਦੇ ਯਕੀਨ ਬੱਝਦਾ ਹੈ ਕਿ:*

*੧) ਦਮਦਮਾ ਸਾਹਿਬ ਵਿਖੇ ਵਿਚਰਦਿਆਂ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭਾਈ ਮਨੀ ਸਿੰਘ ਜੀ ਤੋਂ ਓਵੇਂ ਹੀ ਤਿਆਰ ਕਰਵਾਈ ਸੀ ਜਿਵੇਂ ਪੰਚਮ ਪਾਤਿਸ਼ਾਹ ਨੇ ਭਾਈ ਗੁਰਦਾਸ ਜੀ ਤੋਂ ਕਰਵਾਈ ਸੀ। ਉਸੇ ਬੀੜ ਦੇ ਘੱਟੋ ਘੱਟ ਚਾਰ ਉਤਾਰੇ ਬਾਬਾ ਦੀਪ ਸਿੰਘ ਜੀ ਨੇ ਕਰ ਲਏ ਸਨ।*

*੨) ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਬਾ ਲਹਿਣਾ ਜੀ ਨੂੰ ਗੁਰਿਆਈ ਸੌਂਪ ਕੇ ਰੂਪ ਵਟਾਉਣ ਦੀ ਮਰਯਾਦਾ ਚਲਾਈ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਉਵੇਂ ਹੀ ਦਮਦਮਾ ਸਾਹਿਬ ਵਿਖੇ ਲਿਖਵਾਈ ਬੀੜ ਨੂੰ ਨਾਂਦੇੜ ਵਿਖੇ ਗੁਰਿਆਈ ਸੌਂਪੀ ਸੀ। **ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥** ਪੰਗਤੀ ਪੜ੍ਹੀ ਜਾਣ ਦੀ ਮਰਯਾਦਾ, ਪੰਥ ਵਿਚ ਉਸੇ ਸਮੇਂ ਤੋਂ ਹੀ ਪ੍ਰਚਲਤ ਹੈ।*

*ਇਸ ਸਭ ਕੁਝ ਦੀ ਵਿਚਾਰ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਖ਼ਾਲਸਾ ਪੰਥ ਨੂੰ ਕੇਵਲ ਅਤੇ ਕੇਵਲ ਉਸੇ ਬਾਣੀ ਦੇ ਲੜ ਲਾਇਆ ਸੀ ਅਥਵਾ ਉਸੇ ਬਾਣੀ ਨੂੰ ਆਪਣਾ ਗੁਰੂ ਮੰਨਣ ਦਾ ਹੁਕਮ ਹੋਇਆ ਸੀ ਜਿਹੜੀ (ਧੁਰ ਕੀ ਬਾਣੀ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿਚ ਅੰਕਿਤ ਹੈ। ਹੋਰ ਕਿਸੇ ਵੀ ਬਾਣੀ ਨੂੰ ਅਸੀਂ ਆਪਣਾ ਗੁਰੂ ਨਹੀਂ ਮੰਨ ਸਕਦੇ। ਜਿਸ ਗੁਰਬਾਣੀ ਅੱਗੇ ਦਸਮੇਸ਼ ਜੀ ਦਾ ਪਾਵਨ ਸੀਸ ਝੁਕਿਆ ਸੀ, ਕੇਵਲ ਉਹੀ ਬਾਣੀ ਦਸਮੇਸ਼ ਜੀ ਦੇ ਥਾਂ ਸਾਡਾ ਗੁਰੂ ਪਰਮੇਸ਼ਰ, ਆਪ ਨਾਰਾਇਣ ਕਲਾਧਾਰ, ਪ੍ਰਤੱਖ ਹਰਿ, ਸਭ ਕੁਝ ਹੈ।*

*ਹੁਣ ਇਸ ਬਿਬੇਕਤਾ ਨਾਲ ਇਸ ਵਿਚਾਰ ਨੂੰ ਅੱਗੇ ਤੋਰੀਏ:*

*(ੳ) ਸਰਬ ਕਲਾ ਸਮਰੱਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੇ ਚਾਹੁੰਦੇ ਤਾਂ ਆਪਣੀ ਮਰਜ਼ੀ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਕਾਰ ਵਧਾ ਘਟਾ ਸਕਦੇ ਸਨ।*

*(ਅ) ਦਮਦਮਾ ਸਾਹਿਬ ਵਿਖੇ ਦਸਮੇਸ਼ ਜੀ ਨੂੰ ਸਰਕਾਰ ਵੱਲੋਂ ਹਮਲੇ ਦਾ ਕੋਈ ਖ਼ਤਰਾ ਨਹੀਂ ਸੀ ਅਤੇ ਉਥੋਂ ਕਲਗੀਧਰ ਜੀ ਕਿਸੇ ਮਜਬੂਰੀ ਕਾਰਨ ਨਹੀਂ ਸਨ ਤੁਰੇ, ਸਗੋਂ ਉਨ੍ਹਾਂ ਨੇ ਆਪਣੀ ਮੌਜ ਵਿਚ ਦੱਖਣ ਵੱਲ ਨੂੰ ਚਾਲੇ ਪਾਏ ਸਨ। ਜੇ ਚਾਹੁੰਦੇ ਤਾਂ ਉਹ ਦਮਦਮਾ ਸਾਹਿਬ ਹੋਰ ਸਮਾਂ ਵੀ ਅਟਕ ਸਕਦੇ ਸਨ।*

*(ੲ) ਹਰ ਪੱਖੋਂ ਸਮਰੱਥ ਸਤਿਗੁਰਾਂ ਨੇ ਆਪਣੀ ਰਚੀ ਬਾਣੀ ਵਿਚੋਂ ਇਕ ਪੰਗਤੀ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਸ਼ਾਮਲ ਕਰਕੇ ਸਦੀਵੀ ਗੁਰਿਆਈ ਦੀ ਮਾਲਕ ਬਣਾਉਣੀ ਮੁਨਾਸਿਬ ਨਾ ਸਮਝੀ।*

*(ਸ) ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਉਸ ਦੇ ਛਕੇ ਜਾਣ ਨੂੰ ਪੰਥ ਲਈ ਬੜਾ ਜ਼ਰੂਰੀ ਘੋਸ਼ਿਤ ਕਰਨ ਤੋਂ ਸਿੱਧ ਹੁੰਦਾ ਹੈ ਕਿ ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਗਈਆਂ ਬਾਣੀਆਂ ਬਾਕੀ ਗੁਰੂ ਬਾਣੀ ਨਾਲੋਂ ਘੱਟ ਮਹੱਤਤਾ ਵਾਲੀਆਂ ਨਹੀਂ ਸਨ। **ਫਿਰ ਕੀ ਕਾਰਨ ਹੈ ਕਿ ਦਸਮੇਸ਼ ਜੀ ਨੇ ਉਹ ਤਿੰਨ ਬਾਣੀਆਂ (ਜਾਪ ਸਾਹਿਬ, ਸਵੱਈਏ, ਚੌਪਈ) ਗੁਰਿਆਈ ਦੇ ਕਾਬਿਲ ਨਾ ਸਮਝੀਆਂ?***

*ਅਜਿਹੇ ਸਾਰ ਹਾਲਾਤ ਨੂੰ ਮੁੱਖ ਰੱਖ ਕੇ ਫਿਰ ਕੀ ਇਹ ਸਮਝਿਆ ਜਾਵੇ ਕਿ:*

*(੧) ਕਿ (ਕਥਿਤ ਤੌਰ 'ਤੇ) ਪਤਾਸੇ ਪਾਉਣੇ ਭੁੱਲ ਜਾਣ ਦੀ ਭੁੱਲ ਕਰਨ ਵਾਂਗ ਹੀ ਦਸਮੇਸ਼ ਜੀ ਇਹ ਤਿੰਨ ਬਾਣੀਆਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਿੱਸਾ ਬਣਾਉਣੀਆਂ ਭੁੱਲ ਗਏ ਸਨ।*

*(੨) ਕਿ ਜਾਂ ਉਨ੍ਹਾਂ ਨੇ ਆਪਣੀ ਲਿਖੀ ਕੋਈ ਵੀ ਬਾਣੀ ਪਿਉ ਦਾਦੇ ਦੇ ਖ਼ਜ਼ਾਨੇ ਵਿਚ ਸ਼ਾਮਲ ਅਥਵਾ ਵਡੱਕੇ ਪਿਤਾ ਪਿਤਾਮਾ ਸਤਿਗੁਰਾਂ ਦੀ ਬਾਣੀ ਦੀ ਬਰਾਬਰੀ ਦੇ ਯੋਗ ਨਾ ਸਮਝੀ।*

***(੩) ਕਿ ਜਾਂ ਸੱਚ ਇਹ ਹੈ ਕਿ ਸਤਿਗੁਰਾਂ ਨੇ ਅੰਮ੍ਰਿਤ ਤਿਆਰ ਕਰਨ ਸਮੇਂ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਹੀ ਬਾਣੀ ਪੜ੍ਹੀ ਸੀ?***

*(ਹ) ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਅਰੰਭ ਹੋਈ ਪ੍ਰੰਪਰਾ ਅਨੁਸਾਰ, ਜਿਸ ਨੂੰ ਸਤਿਗੁਰਾਂ ਨੇ ਗੁਰਿਆਈ ਦਾ ਦਰਜਾ ਨਹੀਂ ਦਿੱਤਾ, ਉਸ ਬਾਣੀ ਨੂੰ 'ਗੁਰਬਾਣੀ' ਦਾ ਦਰਜਾ ਦੇਣ ਦਾ ਅਧਿਕਾਰ ਸਾਰੇ ਸੰਮਿਲਤ ਖ਼ਾਲਸਾ ਪੰਥ ਕੋਲ ਵੀ ਕਦੇ ਨਹੀਂ ਆਇਆ।*

*(ਭਾਗ ਪੰਜਵਾਂ, ਪੰਨਾ ੨੦੯-੨੧੦)*

*ਮਿੱਠੇ ਅਤੇ ਕੌੜੇ ਪਦਾਰਥਾਂ ਦੀ ਪਛਾਣ ਕਰਾਉਣ ਦੇ ਗੁਰਮਤਿ ਸਿਧਾਂਤ ਨੂੰ ਦ੍ਰਿੜ੍ਹ ਕਰਾਉਣ ਵਾਲੇ ਹੋਰ ਵੀ ਬੇਅੰਤ ਗੁਰੂ ਫ਼ੁਰਮਾਨ ਹਨ। ਗੁਰਦੇਵ ਜੀ ਦੇ ਆਪਣੇ ਫ਼ੁਰਮਾਨਾਂ ਅਨੁਸਾਰ 'ਨਾਮ ਅੰਮ੍ਰਿਤ', 'ਸ਼ਬਦ ਵਿਚਾਰ', ਅਤੇ 'ਹਰੀ ਨਾਮ' ਦੀ ਕਥਾ ਸੰਸਾਰ ਦੇ ਸਾਰੇ ਪਦਾਰਥਾਂ ਨਾਲੋਂ ਵੱਧ ਮਿੱਠੇ ਪਦਾਰਥ ਹਨ। ਸਤਿਗੁਰਾਂ ਨੇ ਬੜੇ ਭਰੋਸੇ ਨਾਲ 'ਮਿੱਠੇ ਨਾਮ ਅੰਮ੍ਰਿਤ ਮਹਾਂਰਸ' ਨੂੰ ਚੱਖ ਕੇ ਤਸੱਲੀ ਕਰ ਲੈਣ ਬਾਰੇ ਵੀ ਫ਼ੁਰਮਾਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਜੀ ਨੇ ਤਾਂ ਰੱਬ ਦੇ ਨਾਮ ਨੂੰ ਸ਼ੱਕਰ, ਖੰਡ, ਮਿਸ਼ਰੀ, ਗੁੜ ਅਥਵਾ ਮਾਝੇ ਦੁੱਧ ਨਾਲੋਂ ਮਿੱਠਾ ਫ਼ੁਰਮਾਨ ਕੀਤਾ ਹੋਇਆ ਹੈ-* ***ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ॥*** *(ਪੰਨਾ ੧੩੭੯) ਰੱਬੀ ਗੁਣਾਂ ਨਾਲ ਭਰਪੂਰ ਸੱਚੀ ਅਥਵਾ ਸਦਾ ਨਾਲ ਨਿਭਣ ਵਾਲੀ ਮਿਠਾਸ ਦੇ ਹੁੰਦਿਆਂ, ਕਿਸੇ ਕੱਚੀ ਮਿਠਾਸ ਦੀ ਸਤਿਗੁਰਾਂ ਨੇ ਲੋੜ ਕਿਉਂ ਸਮਝਣੀ ਸੀ? ਅਤੇ ਫਿਰ ਜਿਸ ਹਟਵਾਣੀਏ ਤੋਂ ਮੁੱਲ ਲਿਆ ਕੇ ਪਤਾਸੇ ਅੰਮ੍ਰਿਤ ਦੇ ਬਾਟੇ ਵਿਚ ਪਾਏ ਜਾਂਦੇ ਹਨ ਉਸ ਬਾਰੇ ਤਾਂ ਸਤਿਗੁਰਾਂ ਦਾ ਫ਼ੁਰਮਾਨ ਇਉਂ ਹੈ:-* ***'ਬਿਖੁ ਸੰਚੈ ਹਟਵਾਣੀਆਂ ਬਹਿ ਹਾਟਿ ਕਮਾਇ॥ ਮੋਹ ਝੂਠੁ ਪਸਾਰਾ ਝੂਠ ਕਾ ਝੂਟੇ ਲਪਟਾਇ॥*** *(ਪੰਨਾ ੧੬੭)। ਕਿਸੇ ਕਿਰਤੀ ਜੱਟ ਤੋਂ ਗੁੜ-ਸ਼ੱਕਰ ਤਾਂ ਬੇਸ਼ੱਕ ਲੈ ਲੈਂਦੇ ਪਰ ਮਾਇਆ ਜ਼ਹਿਰ ਦੀ ਉਗਰਾਹੀ ਕਰਨ ਵਾਲੇ ਝੂਠੇ ਹਟਵਾਣੀਏ ਤੋਂ ਪਤਾਸੇ ਦਸਮ ਗੁਰੂ ਨਾਨਕ ਸ੍ਰੀ ਦਸਮੇਸ਼ ਜੀ ਕਿਸੇ ਹਾਲਤ ਵਿਚ ਵੀ ਨਹੀਂ ਲਏ ਹੋਣੇ। ਸੁਹਿਰਦ ਅਤੇ ਸੂਝਵਾਨ ਖੋਜੀ ਸੱਜਣ ਇਸ ਪੱਖੋਂ ਹੋਰ ਡੂੰਘੀ ਖੋਜ ਕਰਕੇ ਭੁੱਲ ਸੁਧਾਰ ਲੈਣ। ਹਰ ਪੱਖੋਂ ਨਿਆਰੇ ਤੇ ਨਿਰਮਲ ਬਣ ਜਾਣ ਵਿਚ ਹੀ ਚੜ੍ਹਦੀ ਕਲਾ ਦੇ ਪਰਤ ਆਉਣ ਦੀ ਆਸ ਬੱਝਣੀ ਹੈ।*

*(ਭਾਗ ਪੰਜਵਾਂ, ਪੰਨਾ-੨੦੬)*

*ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦੀ ਪਛਾਣ ਪੰਜਾਂ ਕਕਾਰਾਂ ਦਾ ਧਾਰਨੀ ਹੋਣਾ, ਸਮੁੱਚੇ ਪੰਥ ਦਾ ਅਧਿਕਾਰ ਹੈ।* ***ਦਿਲ ਇਹ ਗੱਲ ਮੰਨਣ ਲਈ ਤਿਆਰ ਹੀ ਨਹੀਂ ਕਿ ਸਤਿਗੁਰਾਂ ਨੇ ਸਮੁੱਚੇ ਪੰਥ ਦੇ ਇਸ ਅਧਿਕਾਰ ਨੂੰ ਕੇਵਲ ਪੰਜ ਸਿੰਘਾਂ ਤਕ ਸੀਮਤ ਕਰ ਦਿੱਤਾ ਸੀ।***

***ਪੰਜ ਕਕਾਰਾਂ ਦੇ ਸੌਂਪੇ ਜਾਣ ਵਾਲੇ ਇਸ ਅਧਿਕਾਰ ਨੂੰ ਕਿਸੇ ਵੀ ਬਹਾਨੇ ਨਾਲ ਸੀਮਤ ਨਾ ਰੱਖ ਕੇ ਇਹ ਪਾਵਨ ਅਧਿਕਾਰ ਮਾਤਾ-ਪਿਤਾ ਦੇ ਹਵਾਲੇ ਕੀਤਾ ਜਾਣਾ ਚਾਹੀਦਾ ਸੀ*** *ਤਾਂ ਜੋ ਇਹ ਮਰਿਆਦਾ ਸਾਡੇ ਜੀਵਨ ਦਾ ਅਟੁੱਟ ਅੰਗ, ਸਾਡੀ ਸਮਾਜੀ ਜ਼ਿੰਦਗੀ ਦਾ ਸ਼ਿੰਗਾਰ ਬਣ ਜਾਂਦੀ।*

(ਭਾਗ ਛੇਵਾਂ, ਪੰਨਾ ੬੨)

*ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੱਖ ਬਣ ਜਾਣ ਵਾਲਾ ਸਾਡੇ ਲਈ ਅਜਿਹਾ ਧੁਰਾ ਬਣਾ ਦਿੱਤਾ ਗਿਆ ਜਿਸ ਨੇ ਸਿੱਖ ਬੱਚੇ ਨੂੰ ਸਿਰ ਮੁਨਾ ਲੈਣ ਅਥਵਾ ਤਮਾਕੂ ਆਦਿ ਪੀ ਲੈਣ ਦਾ ਹੌਂਸਲਾ ਦਿੱਤਾ। ਜਿਸ ਮਾਤਾ ਨੇ ਆਪਣੇ ਬੱਚੇ ਨੂੰ ਗਰਭ ਸਮੇਂ ਤੋਂ ਉਪਰੋਕਤ ਵਰਣਨ ਸਿੱਖਿਆ ਦੇਣੀ ਆਰੰਭ ਕਰਨੀ ਸੀ,* ***ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਸਿੰਘ ਸੱਜ ਸਕਣ ਵਾਲੇ ਵਿਧੀ ਵਿਧਾਨ ਬਣ ਜਾਣ ਤੋਂ*** *ਉਸ ਮਾਤਾ ਦੇ ਵਿਚਾਰ ਇਉਂ ਮੋੜਾ ਖਾ ਗਏ- 'ਹਾਲੀ ਮੌਜ ਮੇਲਾ ਕਰ ਲਵੇ, ਆਪੇ ਸਾਡਾ ਕਾਕਾ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਜਾਵੇਗਾ।'* ***ਕਿਤੇ ਗੁਰੂ ਵਾਲਾ ਬਣਨ ਦਾ ਇਹ ਵਿਧਾਨ ਨਾ ਬਣਿਆ ਹੁੰਦਾ ਤਾਂ ਸਿਰ-ਗੁੰਮਾਂ ਦਾ ਟੋਲਾ ਕਦੇ ਵੀ ਗੁਰੂ ਦਾ ਸਿੱਖ ਨਾ ਅਖਵਾ ਸਕਦਾ।*** *ਮੋਨੇ ਭਰਾ ਨੂੰ ਵੀਰ ਤਾਂ ਸਮਝਿਆ ਜਾਂਦਾ ਸੀ, ਉਸਨੂੰ ਸਤਿਗੁਰਾਂ ਦਾ ਸਿੱਖ ਕਦੇ ਨਹੀਂ ਸੀ ਸਮਝਿਆ ਜਾ ਸਕਦਾ।* ***ਖੰਡੇ ਬਾਟੇ ਦੇ ਅੰਮ੍ਰਿਤ ਨੇ ਗੁਰਮਤਿ ਤੋਂ ਅਗਿਆਨੀ ਰਹਿਣ ਦਾ ਰਾਹ ਪੱਕਾ ਕੀਤਾ ਅਤੇ ਪਤਿਤਪੁਣਾ ਫੈਲਾਇਆ।*** *ਸਰੀਰ ਨੂੰ ਸਿੰਘ ਸਜਾ ਲੈਣ ਦੇ ਭਰਮ ਨੇ ਮਨ ਨੂੰ ਸਿੱਖ ਬਣਾਉਣ ਦੀ ਲੋੜ ਮੁਕਾਅ ਦਿੱਤੀ।*

***ਖੰਡੇ ਬਾਟੇ ਨੂੰ ਗੁਰੂ ਵਾਲਾ ਬਣਾਉਣ ਦਾ ਸਾਧਨ ਮਨ ਲੈਣਾ ਵੱਡੀ ਭੁੱਲ ਹੈ। ਗੁਰੂ ਵਾਲਾ ਬਣਾਉਣ ਦੀ ਸੇਵਾ ਮਾਤਾ-ਪਿਤਾ ਨੂੰ ਸੌਂਪਣ ਲਈ*** *ਅਥਵਾ ਸਿੱਖੀ ਅਗਾਂਹ ਤੋਂ ਅਗਾਂਹ ਸਦੀਵੀ ਪ੍ਰਫੁੱਲਤ ਰਹਿਣਯੋਗ ਕਰਨ ਲਈ ਮਾਤਾ ਪਿਤਾ ਦੇ ਜੀਵਨ ਨੂੰ ਸਤਿਗੁਰਾਂ ਦੇ ਪਾਵਨ ਹੁਕਮ ਅਨੁਸਾਰ ਬਣਾਉਣ ਲਈ ਪੰਥਕ ਤੌਰ ਤੇ ਬੜੇ ਵਿਸ਼ਾਲ ਪ੍ਰਬੰਧਾਂ ਦੀ ਲੋੜ ਹੈ।*

(ਭਾਗ ਛੇਵਾਂ, ਪੰਨਾ ੬੪-੬੫)

ਦਸਵੇਂ ਪਾਤਸ਼ਾਹਾਂ ਦੁਆਰਾ ਅੰਮ੍ਰਿਤ ਸੰਚਾਰ ਦੀ ਘਟਨਾ ਸੰਬੰਧੀ ਪ੍ਰੋ: ਸਾਹਿਬ ਸਿੰਘ ਜੀ ਆਪਣੀ ਕਿਤਾਬ 'ਜੀਵਨ ਬ੍ਰਿਤਾਂਤ- ਗੁਰੂ ਗੋਬਿੰਦ ਸਿੰਘ ਜੀ' ਦੇ ਪੰਨਾ ੧੧੪ ਤੇ ਜੀਵਨ ਪ੍ਰਣ ਸਿਰਲੇਖ ਹੇਠ ਲਿਖਦੇ ਹਨ:

## *ਜੀਵਨ ਪ੍ਰਣ*

*ਅਗਲੇ ਦਿਨ ੧ ਵੈਸਾਖ ਨੂੰ ਸਵੇਰੇ ਪਹਿਲੇ ਦਿਨ ਦੇ ਚੁਣੇ ਪੰਜਾਂ ਸਿੱਖਾਂ ਨੂੰ ਸਤਿਗੁਰਾਂ ਜੀ ਨੇ ਹਦਾਇਤ ਕੀਤੀ ਕਿ ਸਣੇ ਕੇਸੀਂ ਇਸ਼ਨਾਨ ਕਰ ਕੇ ਸ੍ਰੀ ਕੇਸਗੜ੍ਹ ਦੇ ਸਾਹਮਣੇ ਹਾਜ਼ਰ ਹੋਵੋ। ਹਜ਼ੂਰ ਨੇ ਲੋਹੇ ਦੇ ਇਕ ਬਾਟੇ ਵਿਚ ਜਾਲ ਤੇ ਪਤਾਸੇ ਪਾ ਕੇ ਜਪੁ, ਜਾਪੁ, ਸਵਈਏ, ਚੌਪਈ, ਅਨੰਦੁ- ਇਹਨਾਂ ਪੰਜਾਂ ਬਾਣੀਆਂ ਦਾ ਪਾਠ ਕਰ ਕੇ 'ਅੰਮ੍ਰਿਤ' ਤਿਆਰ ਕੀਤਾ। ਉਹਨਾਂ ਪੰਜ ਸਿਖਾਂ ਨੂੰ ਇਹ ਤਿਆਰ ਕੀਤਾ ਅੰਮ੍ਰਿਤ ਸਤਿਗੁਰੂ ਜੀ ਨੇ ਆਪ ਛਕਾਇਆ ਅਤੇ ਸਿਰ ਤਲੀ ਉੱਤੇ ਰੱਖਣ ਦੇ ਸਿਲਸਿਲੇ ਵਿਚ ਉਹਨਾਂ ਨੂੰ ਚਾਰ ਬੱਜਰ ਕੁਰਹਿਤਾਂ ਤੋਂ ਵਰਜਿਆ।*

## ਨਾਮ ਦੀ ਤਬਦੀਲੀ

ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਹਨਾਂ ਤੋਂ ਜੀਵਨ-ਪ੍ਰਣ ਲੈ ਕੇ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦੇ ਅੰਦਰ ਨਵਾਂ ਆਤਮਕ ਹੁਲਾਰਾ ਪੈਦਾ ਕੀਤਾ, ਉਥੇ ਉਹਨਾਂ ਦੇ ਨਾਮ ਵਿਚ ਤਬਦੀਲੀ ਕਰ ਕੇ ਭੀ ਉਸ ਹੁਲਾਰੇ ਨੂੰ ਹੋਰ ਉਤਸ਼ਾਹਿਤ ਕੀਤਾ। ਅੰਮ੍ਰਿਤਧਾਰੀ ਸਿੱਖ ਦੇ ਨਾਲ ਲਫਜ਼ 'ਸਿੰਘ' ਵਰਤਣਾ ਜ਼ਰੂਰੀ ਕਰ ਦਿਤਾ ਗਿਆ।

ਪਹਿਲੇ ਪੰਜ ਅੰਮ੍ਰਿਤਧਾਰੀ ਸਿੰਘਾਂ ਨੂੰ ਸਤਿਗੁਰੂ ਜੀ ਨੇ 'ਪੰਜ ਪਿਆਰੇ' ਦੇ ਪਿਆਰ-ਭਰੇ ਲਫਜ਼ਾਂ ਨਾਲ ਯਾਦ ਕੀਤਾ। ਅੰਮ੍ਰਿਤ ਛਕਣ ਤੋਂ ਪਿਛੋਂ ਉਹਨਾਂ ਦੇ ਨਾਮ ਇਉਂ ਪ੍ਰਸਿੱਧ ਹੋਏ:

ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ।

## ਆਪੇ ਗੁਰ ਚੇਲਾ

ਜਦੋਂ ਪੰਜ ਸਿੰਘ ਅੰਮ੍ਰਿਤ ਛਕ ਚੁਕੇ, ਤਾਂ ਸਤਿਗੁਰੂ ਜੀ ਨੇ ਉਹਨਾਂ ਨੂੰ ਪ੍ਰੇਰਨਾ ਕੀਤੀ ਅਤੇ ਆਖਿਆ ਕਿ ਉਹੀ ਪੰਜ ਬਾਣੀਆਂ ਪੜ੍ਹ ਕੇ ਅੰਮ੍ਰਿਤ ਤਿਆਰ ਕਰ ਕੇ ਸਾਨੂੰ ਭੀ ਅੰਮ੍ਰਿਤ ਛਕਾਓ ਤੇ ਸਾਥੋਂ ਭੀ ਉਹੀ ਜੀਵਨ-ਪ੍ਰਣ ਲਵੋ।

ਇਕ ਇਕ ਅਲੌਕਿਕ ਖੇਡ ਸੀ ਕਿ ਇਤਨਾ ਸਮਰੱਥ ਬੀਰ ਗੁਰੂ ਆਪਣੇ ਹੀ ਸਜਾਏ ਸਿੰਘਾਂ ਦਾ ਸਿੱਖ ਬਣੇ। ਪੰਜ ਪਿਆਰੇ ਪਹਿਲਾਂ ਤਾਂ ਬੜੇ ਹੈਰਾਨ ਜਿਹੇ ਹੋਏ। ਫਿਰ ਹੁਕਮ ਅਨੁਸਾਰ ਉਹਨਾਂ ਨੇ ਸਤਿਗੁਰੂ ਜੀ ਨੂੰ ਅੰਮ੍ਰਿਤ ਛਕਾ ਕੇ, ਉਹਨਾਂ ਤੋਂ ਭੀ ਜੀਵਨ-ਪ੍ਰਣ ਲੈ ਕੇ, ਉਹਨਾਂ ਦਾ ਨਾਮ 'ਗੋਬਿੰਦ ਰਾਇ' ਤੋਂ ਗੋਬਿੰਦ ਸਿੰਘ ਰੱਖਿਆ।

## ਖੁਲ੍ਹਾ ਅੰਮ੍ਰਿਤ ਪਰਚਾਰ

ਸਤਿਗੁਰੂ ਜੀ ਦੀ ਹਦਾਇਤ ਅਨੁਸਾਰ ਪੰਜਾਂ ਪਿਆਰਿਆਂ ਨੇ (ਅੰਮ੍ਰਿਤ ਤਿਆਰ ਕਰਨ ਵਾਲੇ ਸਿੰਘਾਂ ਵਾਸਤੇ ਜ਼ਰੂਰੀ ਹੈ ਕਿ ਉਹਨਾਂ ਨੂੰ ਉਹ ਪੰਜ ਬਾਣੀਆਂ ਜ਼ਬਾਨੀ ਯਾਦ ਹੋਣ, ਜਿਹੜੀਆਂ ਅੰਮ੍ਰਿਤ ਤਿਆਰ ਕਰਨ ਵੇਲੇ ਪੜ੍ਹੀਦੀਆਂ ਹਨ। ਉਹਨਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਭੀ ਤਿੰਨ ਬਾਣੀਆਂ ਹਨ- ਜਾਪੁ, ਸਵਈਏ ਅਤੇ ਚੌਪਈ। ਇਸ ਤੋਂ ਸੁਤੇ ਹੀ ਅਨੁਮਾਨ ਲੱਗ ਸਕਦਾ ਹੈ ਕਿ ਸਤਿਗੁਰੂ ਜੀ ਦੇ ਸਮੇਂ ਸਿੱਖ ਸੰਗਤਾਂ ਵਿਚ ਗੁਰਬਾਣੀ ਜ਼ਬਾਨੀ ਯਾਦ ਕਰਨ ਦਾ ਉਤਸ਼ਾਹ ਆਮ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਬਾਣੀਆਂ ਭੀ ਅਨੇਕਾਂ ਸਿੱਖਾਂ ਨੂੰ ਯਾਦ ਸਨ।) ਫਿਰ ਨਵੇਂ ਸਿਰੇ ਤਿਆਰ ਕਰਕੇ ੨੫ ਹੋਰ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਇਸੇ ਤਰ੍ਹਾਂ ਅਗਾਂਹ ਅੰਮ੍ਰਿਤ ਛਕਾਣ ਲਈ ਛੇ ਜਥੇ ਤਿਆਰ ਹੋ ਗਏ। ਇਸੇ ਹੀ ਤਰ੍ਹਾਂ ਹੋਰ ਹੋਰ ਜਥੇ ਤਿਆਰ ਹੁੰਦੇ ਗਏ ਅਤੇ ਸ਼ਾਮ ਤਕ ਪਹਿਲੇ ਹੀ ਦਿਨ ਹਜ਼ਾਰਾਂ ਸਿੰਘਾਂ ਨੇ ਅੰਮ੍ਰਿਤ ਛਕ ਲਿਆ।

## ਖ਼ਾਲਸਾ ਪੰਥ

ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਦਿਨ ਗੁਰੂ ਨਾਨਕ ਦੇਵ ਜੀ ਦੇ ਨਾਮ-ਲੇਵਾ ਸਿੱਖਾਂ ਨੂੰ ਸਮੁੱਚੇ ਤੌਰ ਤੇ 'ਖ਼ਾਲਸਾ ਪੰਥ' ਦਾ ਨਾਮ ਦਿਤਾ ਅਤੇ ਹੁਕਮ ਕੀਤਾ ਕਿ ਸਿੱਖ ਇਕ ਦੂਜੇ ਨੂੰ ਮਿਲਣ ਤੇ ਜਾਂ ਪੰਥਕ ਇਕੱਠਾਂ ਵਿਚ ਇਕ ਦੂਜੇ ਨੂੰ ਸੰਬੋਧਨ ਕਰਨ ਲਈ:

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹਿ

ਆਖਿਆ ਕਰਨ, ਤਾਂ ਕਿ ਹਰੇਕ ਸਿੱਖ-ਮਾਤ੍ਰ ਨੂੰ ਇਹ ਦ੍ਰਿੜ੍ਹ ਨਿਸਚਾ ਬਣਿਆ ਰਹੇ ਕਿ ਸਿਰਜਣਹਾਰ ਵਾਹਿਗੁਰੂ 'ਖ਼ਾਲਸਾ ਪੰਥ' ਦਾ ਰਾਖਾ ਹੈ, ਇਸ ਵਾਸਤੇ ਪੰਥ ਨੇ ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣਾ ਹੈ।

## ਪੰਚਾਇਤੀ ਜਥੇਬੰਦੀ

ਖ਼ਾਲਸਾ ਪੰਥ ਸਜਾਣ ਤੋਂ ਪਹਿਲਾਂ ਹਰੇਕ ਗੁਰ-ਵਿਅਕਤੀ ਸਖ਼ਸ਼ੀ ਤੌਰ ਤੇ ਇਕੱਲੇ ਇਕੱਲੇ ਹੀ, ਲੋਕਾਂ ਨੂੰ ਸਿੱਖ ਬਣਾਂਦੇ ਚਲੇ ਆ ਰਹੇ ਸਨ। 'ਪੰਜ ਪਿਆਰਿਆਂ' ਦੀ ਮਰਯਾਦਾ ਚਲਾ ਕੇ ਗੁਰੂ ਗੋਬਿੰਦ ਸਿੰਘ ਜੀ ਸਖ਼ਸ਼ੀ ਗੁਰੂ ਵਾਲਾ ਸਿਲਸਿਲਾ ਅਸਲ ਵਿਚ ਉਸੇ ਹੀ ਦਿਨ ਤੋਂ ਬੰਦ ਕਰ ਦਿੱਤਾ। ਹਜ਼ੂਰ ਨੇ ਖੁੱਲ੍ਹਮ-ਖੁੱਲ੍ਹਾ ਇਹ ਐਲਾਨ ਭੀ ਕਰ ਦਿੱਤਾ ਕਿ 'ਖ਼ਾਲਸਾ' ਗੁਰੂ ਦਾ ਰੂਪ ਹੈ, ਗੁਰੂ ਖ਼ਾਲਸੇ ਵਿਚ ਵਸਦਾ ਹੈ। ਕੋਈ ਸਿੱਖ ਗੁਰੂ ਅਤੇ ਖ਼ਾਲਸੇ ਵਿਚ ਕੋਈ ਫ਼ਰਕ ਨਾ ਸਮਝੇ। ਉਹਨਾਂ ਦੇ ਇਹ ਖ਼ਿਆਲ ਉਹਨਾਂ ਦੀ ਆਪਣੀ ਬਾਣੀ ਵਿਚ ਇਉਂ ਮਿਲਦੇ ਹਨ:

**ਖਾਲਸਾ ਮੇਰੋ ਰੂਪ ਹੈ ਖਾਸ॥**
**ਖਾਲਸੇ ਮਹਿ ਹਉ ਕਰਉ ਨਿਵਾਸ॥**
**ਖਾਲਸਾ ਮੇਰੋ ਪਿੰਡ ਪਰਾਨ॥**
**ਖਾਲਸਾ ਮੇਰੀ ਜਾਨ ਕੀ ਜਾਨ॥**
**ਖਾਲਸਾ ਮੇਰੋ ਸਤਿਗੁਰੂ ਪੂਰਾ॥**
**ਖਾਲਸਾ ਮੇਰੋ ਸਜਣ ਸੂਰਾ॥**
**ਯਾ ਮੈਂ ਰੰਚ ਨਾ ਮਿਥਿਆ ਭਾਖੀ॥**
**ਪਾਰਬ੍ਰਹਮ ਗੁਰੂ ਨਾਨਕ ਸਾਖੀ॥**

(ਪੁਸਤਕ ਉਹੀ, ਪੰਨਾ ੧੧੭)

ਪ੍ਰੋ: ਸਾਹਿਬ ਸਿੰਘ ਜੀ ਨੇ ਆਪਣੀ ਕਿਤਾਬ 'ਬਾਬਾਣੀਆਂ ਕਹਾਣੀਆਂ' ਦੇ 'ਗੁਰੂ ਗੋਬਿੰਦ ਸਿੰਘ ਜੀ ਅਤੇ ਦੇਵੀ ਪੂਜਾ' ਸਿਰਲੇਖ ਅੰਦਰ ਜਿਥੇ ਬਚਿਤ੍ਰ ਨਾਟਕ ਨੂੰ ਗੁਰੂ ਕ੍ਰਿਤ ਮੰਨਿਆ ਹੈ, ਉਥੇ ਭਗਉਤੀ ਅਤੇ ਕਾਲਕਾ ਦੇ ਅਰਥ ਵੀ ਕੀਤੇ ਹਨ। ਜਦ ਕਿ ਸ: ਕਾਲਾ ਅਫ਼ਗਾਨਾ ਜੀ ਨੇ ਬਚਿਤ੍ਰ ਨਾਟਕ ਨੂੰ ਰੱਦ ਕਰਨ ਲਈ ਪੂਰੀ ਕਿਤਾਬ ਹੀ ਲਿਖ ਮਾਰੀ ਹੈ।

## *ਹੁਣ ਲਵੋ ਲਫ਼ਜ਼ 'ਭਗਉਤੀ'*

*ਇਹ ਲਫ਼ਜ਼ ਆਇਆ ਹੈ 'ਵਾਰ ਸ੍ਰੀ ਭਗੌਤੀ ਜੀ ਕੀ' ਵਿਚ।*

*ਲਫ਼ਜ਼ 'ਭਗੌਤੀ' ਦਾ ਅਰਥ 'ਤਲਵਾਰ' ਭੀ ਹੈ। ਆਪ ਲਿਖਦੇ ਹਨ:*

***ਦੁਹਾਂ ਕੰਧਾਰਾਂ ਮੁਹ ਜੁੜੇ ਨਾਲ ਧਉਂਸਾ ਭਾਰੀ॥***
***ਲਈ ਭਗੌਤੀ ਦੁਰਗਸ਼ਾਹ ਵਰਜਾਗਨ ਭਾਰੀ॥***
***ਲਾਈ ਰਾਜੇ ਸੁੰਭ ਨੋ ਰਤ ਪੀਏ ਪਿਆਰੀ॥***
***ਸੁੰਭ ਪਲਾਣੋ ਡਿਗਿਆ, ਉਪਮਾ ਬੀਚਾਰੀ॥....***
***ਜਾਣੁ ਰਜ਼ਾਦੀ ਉਤਰੀ ਪਹਨਿ ਸੂਹੀ ਸਾਰੀ॥੫੩॥***

*ਪਰ ਤੁਕ 'ਪ੍ਰਥਮ ਭਗੌਤੀ ਸਿਮਰਿ ਕੈ' ਵਿਚ ਲਫ਼ਜ਼ 'ਭਗੌਤੀ' ਦਾ ਅਰਥ 'ਤਲਵਾਰ' ਨਹੀਂ ਹੈ। ਇਥੇ ਸ਼ਸਤ੍ਰ-ਪੂਜਾ ਨਹੀਂ ਹੈ। ਜਿਸ ਨੂੰ 'ਭਗੌਤੀ' ਆਖਿਆ ਹੈ, ਉਸ ਨੂੰ ਦੂਜੀ ਪਉੜੀ ਵਿਚ ਇਉਂ ਆਖਦੇ ਹਨ:*

***ਖੰਡਾ ਪ੍ਰਥਮੈ ਸਾਜਿ ਕੈ,***
***ਜਿਨਿ ਸਭੁ ਸੈਸਾਰੁ ਉਪਾਇਆ॥***
***ਬ੍ਰਹਮਾ ਬਿਸਨ ਮਹੇਸ ਸਾਜਿ,***
***ਕੁਦਰਤੀ ਦਾ ਖੇਲੁ ਰਚਾਇ ਬਣਾਇਆ॥***
***ਸਿੰਧ ਪਰਬਤੀ ਮੇਦਨੀ***
***ਬਿਨੁ ਥੰਮ੍ਹਾ ਗਗਨੁ ਰਹਾਇਆ॥***
***ਸਿਰਜੇ ਦਾਨੋ ਦੇਵਤੇ***
***ਤਿਨ ਅੰਦਰਿ ਬਾਦੁ ਰਚਾਇਆ॥***
***ਤੈ ਹੀ ਦੁਰਗਾ ਸਾਜਿ ਕੈ***
***ਦੈਤਾ ਦਾ ਨਾਸੁ ਕਰਾਇਆ॥***
***ਤੈਥੋਂ ਹੀ ਬਲੁ ਰਾਮ ਲੈ***
***ਨਾਲਿ ਬਾਣਾ ਦਹਸਿਰੁ ਘਾਇਆ॥***
***ਤੈਥੋਂ ਹੀ ਬਲੁ ਕ੍ਰਿਸ਼ਨ ਲੈ***
***ਕੰਸੁ ਕੇਸੀ ਪਕੜਿ ਗਿਰਾਇਆ॥***
***ਬਡੇ ਬਡੇ ਮੁਨਿ ਦੇਵਤੇ***
***ਕਈ ਜੁਗ ਤਿਨੀ ਤਨੁ ਤਾਇਆ॥***
***ਕਿਨੀ ਤੇਰਾ ਅੰਤੁ ਨਾ ਪਾਇਆ॥੨॥***

## *(੬) ਲਫ਼ਜ਼ 'ਕਾਲਕਾ'*

*(ੳ) ਵੇਖੋ ਬਚਿਤ੍ਰ ਨਾਟਕ, ਛੇਵਾਂ ਅਧਿਆਇ:*

***ਅਬ ਮੈ ਅਪਨੀ ਕਥਾ ਬਖਾਨੋਂ॥***
***ਤਪ ਸਾਧਨ ਜਿਹ ਬਿਧਿ ਮੁਹਿ ਆਨੋ॥***
***ਹੇਮਕੁੰਟ ਪਰਬਤ ਹੈ ਜਹਾਂ॥***
***ਸਪਤ ਸ੍ਰਿੰਗ ਤਿਹ ਨਾਮ ਕਹਾਵਾ॥***
***ਪੰਡ ਰਾਜ ਜਿਹ ਜੋਗ ਕਮਾਵਾ॥***
***ਤਹ ਹਮ ਅਧਿਕ ਤਪੱਸਿਆ ਸਾਧੀ॥***
***ਮਹਾ ਕਾਲ 'ਕਾਲਕਾ' ਅਰਾਧੀ॥੨॥***
***ਇਹ ਬਿਧਿ ਕਰਤ ਤਪੱਸਿਆ ਭਯੋ॥***
***'ਦ੍ਵੈ' ਤੇ ਏਕ ਰੂਪ ਹ੍ਵੈ ਗਯੋ॥***
***ਤਾਤ ਮਾਤ ਮੁਰ 'ਅਲੱਖ' ਅਰਾਧਾ॥***
***ਬਹੁ ਬਿਧਿ ਜੋਗ ਸਾਧਨਾ ਸਾਧਾ॥੩॥***
***ਤਿਨ ਜੋ ਕਰੀ 'ਅਲੱਖ' ਕੀ ਸੇਵਾ॥***

*ਤਾਂ ਤੇ ਭਏ ਪ੍ਰਸੰਨ ਗੁਰਦੇਵਾ॥*
*ਤਿਨਿ 'ਪ੍ਰਭਿ' ਜਬ ਆਇਸ ਮੋਹਿ ਦੀਆ॥*
*ਤਬ ਹਮ ਜਨਮ ਕਲੂ ਮਹਿ ਲੀਆ॥੪॥*

*ਇਥੇ ਹੀ 'ਕਾਲਕਾ' ਦੇ ਸੰਬੰਧ ਵਿਚ ਲਫ਼ਜ਼ 'ਦ੍ਵੈ' 'ਅਲੱਖ' ਅਤੇ 'ਪ੍ਰਭਿ' ਸਾਫ਼ ਦੱਸਦੇ ਹਨ ਕਿ ਇਹ ਲਫ਼ਜ਼ 'ਕਾਲਕਾ', 'ਮਹਾਕਾਲ' ਵਾਸਤੇ ਹੈ, 'ਅਕਾਲ ਪੁਰਖ' ਵਾਸਤੇ ਹੈ।*

*(ਅ) ਭਾਈ ਗੁਰਦਾਸ ਜੀ 'ਦੂਜੇ' ਲਿਖਦੇ ਹਨ:*

*ਗੁਰਿ ਸਿਮਰਿ ਮਨਾਈ 'ਕਾਲਕਾ' ਖੰਡੇ ਕੀ ਵੇਲਾ॥*

*ਇਥੇ 'ਕਾਲਕਾ' ਉਹ ਸ਼ਸਤ੍ਰ ਹੈ ਜਿਸ ਦੀ ਧਾਰ (ਵੇਲਾ) ਖੰਡੇ ਦੀ ਹੈ। ਜਿਵੇਂ 'ਭਗੌਤੀ', 'ਤਲਵਾਰ' ਦਾ ਨਾਮ ਨਾ ਹੋ ਕੇ 'ਸ੍ਰੀ ਕਾਲ' ਜੀ ਦਾ ਨਾਮ ਹੈ, ਤਿਵੇਂ ਇਹ ਲਫ਼ਜ਼ 'ਕਾਲਕਾ'।*

*(ੲ) 'ਭਗੌਤੀ ਸਤੋਤ੍ਰ' ਵਿਚ 'ਭਗੌਤੀ' ਨੂੰ 'ਲੋਹ-ਪੁਤ੍ਰੀ' ਆਖ ਕੇ ਇਸ ਨੂੰ 'ਮਹਾਕਾਲ' ਕੀ 'ਕਾਲਕਾ' ਹੀ ਆਖਦੇ ਹਨ:*

*ਨਮੋ ਸ੍ਰੀ ਭਗੌਤੀ ਬਦੈਲੀ ਸਰੋਹੀ॥*
*ਕਰੇ ਏਕ ਤੇ ਦ੍ਵੈ ਸੁਭਟ ਹਾਥ ਸੋਹੀ॥*
*ਨਮੋ ਲੋਹ-ਪਤ੍ਰੀ ਅਛੋਹੰ ਰਹੰਤੀ॥*
*ਨਮੋ ਜੀਭ ਜੁਆਲਾ ਮੁਖੀ ਜਯੋ ਬਲੰਤੀ॥੧॥...*
*ਨਮੋ ਤੇਜ ਮੰਡਾ ਦੁਖੰਡਾ ਦੁਧਾਰੀ॥*
*ਮਹਾ ਸਤ੍ਰ-ਬਨ ਕੋ ਮਹਾ ਭੀਮ ਆਰੀ॥*
*'ਮਹਾਕਾਲ' ਕੀ 'ਕਾਲਕਾ' ਕਾਲ-ਕ੍ਰਧੰ॥*
*ਮਹਾ ਵਿਸਹੀ ਬ੍ਰਿੱਧਿਦਾ ਅਰਧ ਉਰਧੰ॥੩॥*

## *(੭) ਪ੍ਰਸ਼ਨ*

*ਭਗੌਤੀ ਨੂੰ ਇਸਤ੍ਰੀ-ਰੂਪ ਵਿਚ ਸੰਬੋਧਨ ਕੀਤਾ ਹੈ, ਤੇ 'ਕਾਲਕਾ' ਭੀ ਆਖਿਆ ਹੈ। ਇਹ ਕੌਣ ਹੈ? ਕੀ ਇਹ ਦੇਵੀ ਨਹੀਂ?*

*(ਉੱਤਰ) 'ਭਗੌਤੀ ਚਰਿਤ੍ਰ' ਵਿਚ ਹੇਠ ਲਿਖਿਆ ਸਵੱਈਆ ਮਿਲਦਾ ਹੈ:*

*ਮੇਰੁ ਕਰਹੁ ਤ੍ਰਿਣ ਤੇ ਮੁਹਿ ਜਾਹਿ*
*ਗਰੀਬ ਨਿਵਾਜ ਨ ਦੂਸਰੁ ਤੋ ਸੌ॥*
*ਭੂਲ ਛਿਮੋ ਹਮਰੀ,*
*ਪ੍ਰਭ! ਆਪਨ, ਭੂਲਨਹਾਰ ਕਹੂੰ ਕੋਊ ਮੋ ਸੋ॥*
*ਸੇਵ ਕਰੀ ਤੁਮਰੀ,*
*ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋਸੌ॥*
*ਯਾ ਕਲਿ ਮਹਿ ਸਭ, ਕਾਲ ਕ੍ਰਿਪਾਨ ਕੋ*
*ਭਾਰੀ ਭੁਜਾਨ ਕੋ ਭਾਰੀ ਭੋਰਸੌ॥੯੨॥*

*ਇਹ ਸਵੱਈਆ ਮਿਲਦਾ ਹੈ 'ਸ੍ਰੀ ਕਾਲ ਜੀ ਕੀ ਉਸਤਤਿ' ਬਚਿਤ੍ਰ ਨਾਟਕ ਵਿਚ।*

*ਸੋ, ਇਹ 'ਭਗੌਤੀ' ਤੇ 'ਕਾਲਕਾ' 'ਸ੍ਰੀ ਕਾਲ ਜੀ' ਹੀ ਹੈ।*

*(ਪੁਸਤਕ ਉਹੀ, ਪੰਨਾ ੨੨੫-੨੨੮)*

# ਟਿੱਪਣੀ

ਪ੍ਰੋ: ਸਾਹਿਬ ਸਿੰਘ ਜੀ ਨੇ ਪਤਾਸੇ ਪਾਉਣ ਦਾ ਅਤੇ ਪੰਜ ਬਾਣੀਆਂ ਪੜ੍ਹਨ ਦਾ ਜ਼ਿਕਰ ਬੜੇ ਸਪੱਸ਼ਟ ਸ਼ਬਦਾਂ ਵਿਚ ਕੀਤਾ ਹੈ। ਇਹ ਵੀ ਦੱਸਿਆ ਹੈ ਕਿ ਅੱਗੋਂ ਹੋਰ-ਹੋਰ ਅੰਮ੍ਰਿਤਧਾਰੀਆਂ ਦੇ ਜਥੇ ਬਣਾ ਕੇ ਪਹਿਲੇ ਦਿਨ ਹੀ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਦਿਤਾ। ਫਿਰ ਦਸਵੇਂ ਪਾਤਸ਼ਾਹ ਜੀ ਨੇ ਬਾਬਾ ਬੰਦ ਸਿੰਘ ਬਹਾਦਰ ਨੂੰ ਅੰਮ੍ਰਿਤ ਛਕਾ ਕੇ ਨਾਲ ਪੰਜ ਸਿੰਘ ਭੇਜੇ। ਇਹਨਾਂ ਸਾਰੇ ਸਿੰਘਾਂ ਨੇ ਗੁਰੂ ਸਾਹਿਬ ਕੋਲੋਂ ਜਾਂ ਗੁਰੂ ਸਾਹਿਬ ਦੇ ਹੱਥੀਂ ਅੰਮ੍ਰਿਤ ਛਕੇ ਸਿੰਘਾਂ ਕੋਲੋਂ ਅੰਮ੍ਰਿਤ ਛਕਿਆ ਹੋਇਆ ਸੀ। ਇਹ ਲੜੀ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਨਵਾਬ ਜੱਸਾ ਸਿੰਘ ਆਹਲੂਵਾਲੀਆ, ਅਕਾਲੀ ਫੂਲਾ ਸਿੰਘ ਅਤੇ ਹੋਰ ਬੇਅੰਤ ਸਿੰਘਾਂ ਤੋਂ ਸੀਨਾ-ਬ-ਸੀਨਾ ਚੱਲਦੀ ਰਹੀ ਅਤੇ ਚੱਲ ਰਹੀ ਹੈ। ਇਹ ਅੰਮ੍ਰਿਤ ਮਰਿਆਦਾ ਦੀ ਲੜੀ ਦਸਵੇਂ ਪਾਤਸ਼ਾਹ ਤੋਂ ਅਟੁੱਟ ਚੱਲਦੀ ਆ ਰਹੀ ਹੈ। ਇਸ ਵਿਚ ਕਿਸੇ ਘਾਟ-ਵਾਧ ਦੀ ਸ਼ੰਕਾ ਦਾ ਕਾਰਨ ਨਹੀਂ ਹੈ। ਜੇਕਰ ਇਹ ਮੰਨ ਵੀ ਲਈਏ ਕਿ ਪਤਾਸੇ ਪਾਉਣ ਦੀ ਰਸਮ ਮਾਤਾ ਸੁੰਦਰੀ ਜੀ ਦੇ ਕਹਿਣ ਤੇ ਅਰੰਭ ਹੋਈ ਤਾਂ ਉਸ ਵੇਲੇ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਜੀ ਵਰਗੇ ਸਿੰਘ ਮੌਜੂਦ ਸਨ, ਜਦੋਂ ਉਹਨਾਂ ਨੇ ਕਿੰਤੂ ਨਹੀਂ ਕੀਤਾ ਤਾਂ ਫਿਰ ਕੀ ਕਿਸੇ ਸ਼ੰਕਾ ਦੀ ਗੁੰਜਾਇਸ਼ ਰਹਿ ਜਾਂਦੀ ਹੈ।

ਪਰੰਤੂ ਇਸ ਉਤੇ ਕਿੰਤੂ ਕਰਕੇ ਸ: ਕਾਲਾ ਅਫ਼ਗਾਨਾ ਜੀ ਆਪਣੇ ਆਪ ਨੂੰ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਜੀ ਸ਼ਹੀਦ ਹੁਰਾਂ ਤੋਂ ਅਸਿੱਧੇ ਤੌਰ ਤੇ ਸਿਆਣਾ ਸਿੱਧ ਕਰਨ ਦਾ ਯਤਨ ਕਰ ਰਹੇ ਹਨ। ਵੈਸੇ ਬਾਬਾ ਜੀਵਨ ਸਿੰਘ ਰੰਘਰੇਟਾ ਜੀ ਰਚਿਤ 'ਸ੍ਰੀ ਗੁਰ ਕਥਾ' ਵਿਚ ਪਤਾਸੇ ਪਾਉਣ ਦਾ ਸਪੱਸ਼ਟ ਜ਼ਿਕਰ ਹੈ। ਇਸ ਬਾਰੇ ਨਿਰੰਜਨ ਆਰਿਫੀ ਦੀ ਕਿਤਾਬ 'ਰੰਘਰੇਟਿਆਂ ਦਾ ਇਤਿਹਾਸ' ਅਤੇ ਡਾ: ਗੁਰਮੁਖ ਸਿੰਘ, ਭਾਸ਼ਾ ਵਿਭਾਗ ਪਟਿਆਲੇ ਵਾਲਿਆਂ ਦੀ ਕਿਤਾਬ 'ਭਾਈ ਜੈਤਾ ਜੀ ਜੀਵਨ ਤੇ ਰਚਨਾ' ਵਿਚ ਵੀ ਵਿਸਥਾਰ ਸਹਿਤ ਦਰਜ ਹੈ। ਇਹ ਇਕ ਅਜਿਹਾ ਇਤਿਹਾਸਕ ਹਵਾਲਾ ਹੈ, ਜਿਸ ਵਿਚ ਪਤਾਸੇ ਪਾਉਣ ਅਤੇ ਪੰਜ ਬਾਣੀਆਂ ਪੜ੍ਹਨ ਦਾ ਸਪੱਸ਼ਟ ਜ਼ਿਕਰ ਹੈ।

ਬਾਬਾ ਜੀਵਨ ਸਿੰਘ ਜੀ ਰੰਘਰੇਟਾ ਨੇ ਆਪਣੀ ਰਚਨਾ ਅੰਦਰ ਅੰਮ੍ਰਿਤ ਅਤੇ ਪਾਹੁਲ ਦੋਨੋਂ ਸ਼ਬਦ ਵਰਤੇ ਹਨ। ਇਸ ਤਰ੍ਹਾਂ ਸ. ਕਾਲਾ ਅਫ਼ਗਾਨਾ ਜੀ ਦੇ ਆਪੇ ਹੀ ਪੈਦਾ ਕੀਤੇ ਸਾਰੇ ਸ਼ੰਕਿਆਂ ਦੇ ਜਵਾਬ ਮਿਲ ਜਾਂਦੇ ਹਨ।

ਪਰ ਅਸਲੀਅਤ ਇਹ ਹੈ ਕਿ ਸ. ਕਾਲਾ ਅਫ਼ਗਾਨਾ ਜੀ ਦਾ ਮੰਤਵ ਸਿੱਖ ਕੌਮ ਅੰਦਰ ਆਈਆਂ ਘਾਟਾਂ ਦੀ ਉਸਾਰੂ ਅਲੋਚਨਾ ਕਰਨਾ ਅਤੇ ਉਸ ਦਾ ਹੱਲ ਦੱਸਣਾ ਨਹੀਂ ਹੈ ਬਲਕਿ ਸਿੱਖ ਕੌਮ ਦੇ ਸਮੁੱਚੇ ਢਾਂਚੇ ਸਿੱਖੀ ਸਿਦਕ ਅਤੇ ਪ੍ਰੰਪਰਾਵਾਂ ਨੂੰ ਖ਼ਤਮ ਕਰਨਾ ਹੈ। ਜਿਹੜਾ ਕੰਮ ਕਾਮਰੇਡ ਦਾੜ੍ਹੀਆਂ ਕੱਟ ਕੇ ਕਰਦੇ ਹੁੰਦੇ ਸਨ, ਉਹ ਕੰਮ ਸ. ਕਾਲਾ ਅਫ਼ਗਾਨਾ ਜੀ ਸਾਬਤ ਸੂਰਤ ਹੋ ਕੇ ਸਿਰੇ ਚੜ੍ਹਾਉਣ ਦਾ ਯਤਨ ਕਰ ਰਹੇ ਹਨ।

ਪਰੰਤੂ ਆਪ ਜੀ ਦਾ ਸਿੱਖੀ ਪ੍ਰਤੀ ਹੇਜ ਆਪ ਜੀ ਦੀਆਂ ਲਿਖਤਾਂ ਵਿਚੋਂ ਹੀ ਨੰਗਾ ਹੋ ਜਾਂਦਾ ਹੈ। ਇਕ ਪਾਸੇ ਤਾਂ ਆਪਣੀਆਂ ਲਿਖਤਾਂ ਅੰਦਰ ਪਤਾਸੇ ਪਾਉਣ, ਕਿਹੜੀਆਂ ਬਾਣੀਆਂ ਪੜ੍ਹੀਆਂ ਜਾਂ ਨਹੀਂ ਪੜ੍ਹੀਆਂ ਆਦਿ 'ਤੇ ਸ਼ੰਕਾ ਕਰ ਕੇ ਇਹ ਸਿੱਧ ਕਰਨ ਦਾ ਯਤਨ ਕਰ ਰਹੇ ਹਨ ਕਿ ਬਿਪਰਵਾਦ ਕੌਮ ਨੂੰ ਨਿਗਲ ਰਿਹਾ ਹੈ ਅਤੇ ਉਪਰੋਕਤ ਸ਼ੰਕੇ ਹੀ ਇਸ ਨਿਘਾਰ ਦਾ ਕਾਰਨ ਤਾਂ ਨਹੀਂ ਹਨ।

ਪਰੰਤੂ ਅਸਲੀਅਤ ਉਦੋਂ ਨੰਗੀ ਹੋ ਜਾਂਦੀ ਹੈ ਜਦੋਂ ਅੰਮ੍ਰਿਤ ਛਕ ਕੇ ਸਿੰਘ ਸੱਜ ਸਕਣ ਵਾਲੇ ਵਿਧੀ ਵਿਧਾਨ 'ਤੇ ਕਿੰਤੂ ਕੀਤਾ ਜਾਂਦਾ ਹੈ। ਇਸਦੇ ਨਾਲ ਹੀ ਖੰਡੇ ਬਾਟੇ ਦੀ ਇਸ ਵਿਧੀ ਨੂੰ ਗੁਰੂ ਵਾਲਾ ਬਣਾਉਣ ਦੀ ਥਾਂ ਇਸ ਸੁਝਾਅ ਵੀ ਦਿੱਤਾ ਹੈ ਕਿ ਗੁਰੂ ਵਾਲਾ ਬਣਾਉਣ ਦੀ ਸੇਵਾ ਮਾਤਾ-ਪਿਤਾ ਨੂੰ ਸੌਂਪ ਦਿੱਤੀ ਜਾਣੀ ਚਾਹੀਦੀ ਹੈ। ਫਿਰ ਹੋਰ ਅੱਗੇ ਵਧਦੇ ਹੋਏ ਪੰਜ ਕਕਾਰਾਂ ਦੇ ਅਧਿਕਾਰ ਨੂੰ ਪੰਜ ਸਿੰਘਾਂ ਨੂੰ ਸੌਂਪਣ 'ਤੇ ਵੀ ਕਿੰਤੂ ਕੀਤਾ ਹੈ ਅਤੇ ਇਹ ਅਧਿਕਾਰ ਸੀਮਤ ਨਾ ਰੱਖਣ ਦੀ ਵਕਾਲਤ ਅਤੇ ਮਾਤਾ-ਪਿਤਾ ਨੂੰ ਸੌਂਪਣ ਦੀ ਸਿਫਾਰਸ਼ ਕੀਤੀ ਹੈ।

ਵਾਰੇ ਜਾਈਏ ਸ. ਕਾਲਾ ਅਫ਼ਗਾਨਾ ਜੀ ਆਪ ਜੀ ਦੀਆਂ ਦਿਮਾਗੀ ਕਲਾਬਾਜ਼ੀਆਂ 'ਤੇ। ਇਸਨੂੰ ਕਹਿੰਦੇ ਹਨ ਕਿ ਮੂੰਹ ਵਿਚ ਰਾਮ-ਰਾਮ ਤੇ ਬਗਲ ਵਿਚ ਛੁਰੀ। ਹੁਣ ਸ. ਕਾਲਾ ਅਫ਼ਗਾਨਾ ਜੀ ਕਿਸੇ ਨੂੰ ਸਿਆਣਾ ਮੰਨਦੇ ਹੋਣ ਤਾਂ ਉਹ ਇਹਨਾਂ ਨੂੰ ਪੁੱਛੇ ਕਿ ਅੰਮ੍ਰਿਤ ਮਰਿਆਦਾ ਦਾ ਵਿਧੀ ਵਿਧਾਨ ਕਿਸ ਨੇ ਬਣਾਇਆ ਅਤੇ ਇਸ ਵਿਧੀ ਵਿਧਾਨ ਅੰਦਰ ਕਕਾਰ ਸੌਂਪਣ ਅਤੇ ਗੁਰੂ ਵਾਲਾ ਬਣਾਉਣ ਦਾ ਤਰੀਕਾ ਕਿਸ ਨੇ ਬਣਾਇਆ? ਜਵਾਬ ਹੈ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ।

ਇਸ ਤਰ੍ਹਾਂ ਸ. ਕਾਲਾ ਅਫ਼ਗਾਨਾ ਜੀ ਅਸਿੱਧੇ ਤੌਰ 'ਤੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੰਜਾਂ ਸਿੰਘਾਂ ਨੂੰ ਇਹ ਅਧਿਕਾਰ ਦੇਣ ਨੂੰ ਚੁਨੌਤੀ ਦੇ ਰਹੇ ਹਨ ਅਤੇ ਆਪਣੇ ਆਪ ਨੂੰ ਦਸਵੇਂ ਪਾਤਸ਼ਾਹ ਜੀ ਤੋਂ ਵੀ ਸਿਆਣਾ ਸਿੱਧ ਕਰਨ ਦਾ ਯਤਨ ਕਰ ਰਹੇ ਹਨ। ਇਸ ਤਰੀਕੇ ਨਾਲ ਸ. ਕਾਲਾ ਅਫ਼ਗਾਨਾ ਜੀ ਸਿਰਫ਼ ਪਤਾਸ਼ਿਆਂ 'ਤੇ ਅਤੇ ਪੰਜ ਬਾਣੀਆਂ 'ਤੇ ਹੀ ਨਹੀਂ ਬਲਕਿ ਦਸਵੇਂ ਪਾਤਸ਼ਾਹ ਦੁਆਰਾ ਪੰਜ ਪ੍ਰਧਾਨੀ ਮਰਿਆਦਾ ਉੱਤੇ ਵੀ ਕਿੰਤੂ ਕਰ ਰਹੇ ਹਨ। ਇਸ ਤਰ੍ਹਾਂ ਸ. ਕਾਲਾ ਅਫ਼ਗਾਨਾ ਜੀ ੧੬੯੯ ਦੀ ਵਿਸਾਖੀ ਦੇ ਸਾਰੇ ਘਟਨਾਕ੍ਰਮ ਨੂੰ ਸ਼ੱਕੀ ਬਣਾਉਣਾ ਚਾਹੁੰਦੇ ਹਨ। ਸਿੱਖੀ ਦੀਆ ਜੜ੍ਹਾਂ ਵਿਚ ਇੰਨੀ ਚੰਗੀ ਤਰ੍ਹਾਂ ਤੇਲ ਦੇਣਾ ਚਾਹੁੰਦੇ ਹਨ ਕਿ ਜੜ੍ਹਾਂ ਸੁੱਕਣ ਦੇ ਨਾਲ ਨਾਲ ਦਰਖ਼ਤ ਸੁੱਕਣ ਵਿਚ ਕਸਰ ਨਾ ਰਹਿ ਜਾਵੇ। ਬਿਪਰਵਾਦ ਦਾ ਹਊਆ ਵਿਖਾ ਕੇ ਸ. ਕਾਲਾ ਅਫ਼ਗਾਨਾ ਜੀ ਬਿਪਰਵਾਦ ਦੀ ਹੀ ਚਾਲ ਖੇਡ ਰਹੇ ਹਨ। ਸਰੀਰਕ ਤੌਰ 'ਤੇ ਤਾਂ ਬਿਪਰ ਸਿੱਧੇ ਰੂਪ ਵਿਚ ਹੀ ਸਿੱਖਾਂ ਨੂੰ ਖ਼ਤਮ ਕਰ ਰਿਹਾ ਹੈ, ਪਰ ਜਿੰਨਾ ਚਿਰ ਸਿੱਖੀ ਭਾਵਨਾ ਪੈਦਾ ਕਰਨ ਵਾਲੇ ਸਿਧਾਂਤ ਨਾ ਖ਼ਤਮ ਕੀਤੇ ਜਾਣਗੇ, ਓਨਾਂ ਚਿਰ ਸਿੱਖੀ ਭਾਵਨਾ ਖ਼ਤਮ ਨਹੀਂ ਹੋਣੀ। ਇਸ ਲਈ ਸ.ਕਾਲਾ ਅਫ਼ਗਾਨਾ ਜੀ ਸਿੱਖ ਸਿਧਾਂਤਾਂ ਨੂੰ ਹੀ ਖ਼ਤਮ ਕਰਨ ਦਾ ਯਤਨ ਕਰ ਰਹੇ ਹਨ।

ਵੈਸੇ ਆਪ ਜੀ ਦੀਆਂ ਉਪਰੋਕਤ ਗੁਰੂ ਵਾਲਾ ਬਣਾਉਣ ਦੀ ਵਿਧੀ ਮਾਂ-ਪਿਉ ਨੂੰ ਸੌਂਪਣ ਦੀਆਂ ਸਲਾਹਾਂ ਇੰਨ ਬਿੰਨ ਉਹ ਜਿਹੀਆਂ ਹਨ, ਜਿਹੋ ਜਿਹੀਆਂ ਕੇਸਰ ਸਿੰਘ ਛਿੱਬਰ ਨੇ ਆਪਣੇ ਬੰਸਵਾਲੀਨਾਮੇ ਦਸਾਂ ਪਾਤਸ਼ਾਹੀਆਂ ਅੰਦਰ ਖ਼ਾਲਸਾ ਸਾਜਣ ਤੋਂ ਪਹਿਲਾਂ ਪੰਡਤ ਕਾਲਕਾ ਦਾਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੂੰ ਦਿੰਦਿਆਂ ਦਰਸਾਇਆ ਹੈ। ਕੇਸਰ ਸਿੰਘ ਛਿੱਬਰ ਨੇ ਇਹ ਸਲਾਹਾਂ ਆਪ ਨਾ ਦੇ ਕੇ ਪੰਡਤ ਕਾਲਕਾ ਦਾਸ ਕੋਲੋਂ ਦਿੱਤੀਆਂ ਜਾਂਦੀਆਂ ਦਰਸਾਈਆਂ ਹਨ। ਪਰ ਹੁਣ ਲੱਗਦਾ ਹੈ ਕਿ ਪੰਡਤ ਕਾਲਕਾ ਦਾਸ ਜੀ ਇਸ ਜਾਮੇ ਅੰਦਰ ਸ. ਕਾਲਾ ਅਫ਼ਗਾਨਾ ਜੀ ਦੇ ਰੂਪ ਵਿਚ ਪੈਦਾ ਹੋ ਗਏ ਹਨ, ਜੋ ਆਪ ਹੀ ਦਸਵੇਂ ਪਾਤਸ਼ਾਹ ਨੂੰ ਪੰਜਾਂ ਪਿਆਰਿਆਂ ਦੇ ਵਿਧੀ ਵਿਧਾਨ ਸੰਬੰਧੀ ਸਲਾਹਾਂ ਦੇ ਰਹੇ ਹਨ।

ਸ਼ਾਇਦ ਇਹ ਹੀ ਕਾਰਨ ਹੈ ਕਿ ਬਚਿਤ੍ਰ ਨਾਟਕ, ਜਿਸ ਨੂੰ ਪ੍ਰੋ: ਸਾਹਿਬ ਸਿੰਘ ਜੀ ਸਮੇਤ ਸਿੱਖ ਕੌਮ ਦੇ ਅਨੇਕਾਂ ਵਿਦਵਾਨਾਂ ਨੇ ਦਸਮ ਪਾਤਸ਼ਾਹ ਦੀ ਕ੍ਰਿਤ ਮੰਨਿਆ ਹੈ, ਆਪ ਜੀ ਨੂੰ ਉਹ ਆਪਣੀ ਬਿਪਰ ਕ੍ਰਿਤ ਹੀ ਨਜ਼ਰ ਆਉਂਦੀ ਹੈ। ਬਾਕੀ ਸਾਰੀ ਕੌਮ ਅਤੇ ਵਿਦਵਾਨਾਂ ਨੂੰ ਤਾਂ ਅਰਦਾਸ ਵਿਚ ਭਗਉਤੀ ਸ਼ਬਦ ਵਿਚੋਂ ਅਕਾਲ ਪੁਰਖ ਦੇ ਦਰਸ਼ਨ ਹੁੰਦੇ ਹਨ ਪਰ ਆਪ ਜੀ ਨੂੰ ਇਸ ਸ਼ਬਦ ਵਿਚੋਂ ਦੇਵੀ ਨਜ਼ਰ ਆਉਂਦੀ ਹੈ। ਇਸ ਵਿਚ ਆਪ ਜੀ ਦਾ ਵੀ ਕਸੂਰ ਨਹੀਂ ਹੈ ਕਿਉਂਕਿ ਜਨਮਾਂ-ਜਨਮਾਂਤਰਾਂ ਦੇ ਸੰਸਕਾਰਾਂ ਦਾ ਅਸਰ ਹੈ। ਪਿਛਲੇ ਜਨਮ ਅੰਦਰ ਜੱਗ ਕਰਕੇ ਦੇਵੀ ਪ੍ਰਗਟ ਕਰਨ ਦਾ ਯਤਨ ਕਰ ਰਹੇ ਸੀ ਅਤੇ ਇਸ ਜਨਮ ਅੰਦਰ ਆਪਣੀ ਕਲਮ ਨਾਲ ਦੇਵੀ ਪ੍ਰਗਟ ਕਰਨ ਲਈ ਯਤਨਸ਼ੀਲ ਹਨ। ਸਮੇਂ ਦੇ ਨਾਲ ਨਾਲ ਬੰਦਾ ਤਰੱਕੀ ਤਾਂ ਕਰਦਾ ਹੀ ਹੈ!

ਅਕਾਲ ਪੁਰਖ ਅੱਗੇ ਜੋਦੜੀ ਹੈ ਕਿ ਆਪ ਜੀ ਨੂੰ ਲੰਮੀ ਉਮਰ ਬਖ਼ਸ਼ਣ ਤਾਂ ਕਿ ਜਿਵੇਂ ਪਿਛਲੇ ਜਨਮਾਂ ਅੰਦਰ ਆਪ ਜੀ ਦੇ ਯਤਨ ਨਿਸਫਲ ਹੋਏ ਸਨ, ਇਸ ਜਨਮ ਅੰਦਰ ਵੀ ਆਪ ਆਪਣੇ ਕਾਰਿਆਂ ਨੂੰ ਅਸਫ਼ਲ ਹੁੰਦਾ ਚੰਗੀ ਤਰ੍ਹਾਂ ਦੇਖ ਸਕੋ।

ਆਪ ਜੀ ਲਈ ਅਰਦਾਸ ਕਰਨੀ ਤਾਂ ਸਾਡਾ ਫਰਜ਼ ਵੀ ਬਣਦਾ ਹੈ ਕਿਉਂਕਿ ਆਪ ਜੀ ਆਪਣੇ ਕੰਮ ਅਤੇ ਨਿਸ਼ਾਨੇ ਪ੍ਰਤੀ ਪੂਰੀ ਸੁਹਿਰਦਤਾ ਨਾਲ ਮਿਹਨਤ ਕਰ ਰਹੇ ਹੋ। ਪਰ ਉਨ੍ਹਾਂ ਵੀਰਾਂ ਪ੍ਰਤੀ ਕੀ ਕਰੀਏ, ਜਿਹੜੇ ਆਪਣੇ ਆਪ ਨੂੰ ਸਿੱਖ ਕੌਮ ਦੇ ਰੌਸ਼ਨ ਦਿਮਾਗ-ਰੌਸ਼ਨ ਜ਼ਮੀਰ ਸਮਝਦੇ ਹਨ, ਪਰੰਤੂ ਆਪ ਜੀ ਦੀ ਭਾਈਵਾਲੀ ਪੂਰੀ ਤਰ੍ਹਾਂ ਨਿਭਾ ਰਹੇ ਹਨ। ਆਪ ਜੀ ਤਾਂ ਸਿੱਖ ਕੌਮ ਦੀਆਂ ਇਤਿਹਾਸਕ ਪ੍ਰੰਪਰਾਵਾਂ ਨੂੰ ਨਾਕਾਰਨ ਦਾ

ਯਤਨ ਕਰ ਰਹੇ ਹੋ ਅਤੇ ਇਹ ਵੀਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਨੂੰ ਅਜੋਕੇ ਸਮੇਂ ਅੰਦਰ ਸੱਚੇ ਤਖ਼ਤ ਦੀ ਥਾਂ ਝੂਠਾ ਸਾਬਤ ਕਰਨ ਲਈ ਪੂਰੀ ਤਨਦੇਹੀ ਨਾਲ ਆਪ ਜੀ ਦਾ ਸਾਥ ਦੇ ਰਹੇ ਹਨ। ਅਸੀਂ ਸੰਦਰਭ ਵੀ ਪੂਰੇ ਪੂਰੇ ਦੇਣ ਦਾ ਯਤਨ ਕੀਤਾ ਹੈ ਤਾਂ ਕਿ ਇਹ ਵੀਰ ਇਹ ਨਾ ਕਹਿਣ ਕਿ ਸੰਦਰਭ ਤੋਂ ਬਾਹਰ ਕੁਝ ਲਾਈਨਾਂ ਵਰਤਦੇ ਹਨ। ਇਹਨਾਂ ਵਿਦਵਾਨ ਵੀਰਾਂ ਸੰਬੰਧੀ ਤਾਂ ਗੁਰਬਾਣੀ ਦਾ ਇਹ ਫੁਰਮਾਨ ਹੀ ਢੁੱਕਦਾ ਹੈ:

*ਜਿਨ੍ ਮਨਿ ਹੋਰੁ ਮੁਖਿ ਹੋਰੁ ........*

*(ਤਰਦੀਪ ਸਿੰਘ)*